(i) Printed Pages : 3 Roll No. ..............................

(ii) Questions : 6

**Sub. Code : 0 3 0 9**

**Exam. Code : 0 0 0 4**

**B.A./B.Sc. (General) 4th Sem.**

**(2053)**

**PUNJABI**

**Paper : (Elective)**

**Time Allowed : Three Hours] [Maximum Marks : 90**

**ਨੋਟ :-** (1) ਸੁੰਦਰ ਤੇ ਸਪੱਸ਼ਟ ਲਿਖਿਆ ਜਾਵੇ।

(2) ਭਾਗਾਂ ਵਾਲੇ ਪ੍ਰਸ਼ਨ ਇੱਕ ਥਾਂ ਇਕੱਠੇ ਹੱਲ ਕੀਤੇ ਜਾਣ।

1. (ੳ) ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਚਾਰੇ ਪਲੂ ਚੋਲੜੀ, ਨੈਣ ਰੋਂਦੀ ਦੇ ਭਿੰਨੇ। ਰਹਾਉ
ਕਤਿ ਨ ਜਾਣਾ ਪੂਣੀਆਂ, ਦੋਸ ਦੇਨੀਆਂ ਮੁੰਨੇ
ਆਵਣੁ ਆਵਣੁ ਕਹਿ ਗਏ, ਮਾਹਿ ਬਾਰਾਂ ਪੁੰਨੇ
ਇਕ ਅਨ੍ਹੇਰੀ ਕੋਠੜੀ, ਦੂਜੇ ਮਿੱਤਰ ਵਿਛੁੰਨੇ
ਕਾਲੇ ਹਰਨਾਂ ਚਰਿ ਗਇਉਂ, ਸ਼ਾਹ ਹੁਸੈਨ ਦੇ ਬੰਨੇ

**ਜਾਂ**

(ਅ) ਮਿਰਜ਼ਾ ਆਖੇ ਕੋਈ ਨਾ ਦੀਂਹਦਾ ਸੂਰਮਾ, ਜਿਹੜਾ ਮੈਨੂੰ ਹੱਥ ਕਰੇ
ਕਟਕ ਭਿੜਾ ਦੇਊਂ ਟਕਰੀ, ਮੈਥੋਂ ਭੀ ਗਠ ਡਰੇ
ਵਲ ਵਲ ਵਢ ਦੇਊਂ ਸੂਰਮੇ, ਜਿਉਂ ਖੇਤੀ ਨੂੰ ਪੈਣ ਗੜੇ
ਸਿਰ ਸਿਆਲਾਂ ਦੇ ਵਢ ਕੇ, ਸਿਟਾਂਗਾ ਵਿੱਚ ਰੜੇ। 10

(ਅ) ਕਿਸੇ **ਇੱਕ** ਕਾਵਿ ਬੰਦ ਦੀ ਵਿਹਾਰਕ ਸਮੀਖਿਆ ਕਰੋ :

(ੳ) ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ
ਚਲਾ ਤ ਭਿਜੈ ਕੰਬਲੀ, ਰਹਾ ਤ ਤੁਟੈ ਨੇਹੁ
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ
ਜਾਇ ਮਿਲਾ ਤਿਨਾ ਸਜਣਾ, ਤੁਟਉ ਨਾਹੀਂ ਨੇਹੁ।

**ਜਾਂ**

(ਅ) ਸਾਹਿਬਾਂ ਗਈ ਤੇਲ ਨੂੰ, ਗਈ ਪਸਾਰੀ ਦੀ ਹੱਟ
ਫੜ ਨਾ ਜਾਣ ਤੱਕੜੀ, ਹਾੜ ਨਾ ਜਾਣੇ ਵੱਟ
ਤੇਲ ਭੁਲਾਵੇ ਭੁੱਲਾ ਬਾਣੀਆਂ, ਦਿੱਤਾ ਸ਼ਹਿਤ ਉਲੱਟ
ਵਣਜ ਗਵਾਏ ਬਾਣੀਆਂ, ਬਲਦ ਗਵਾਏ ਜੱਟ
ਤਿੰਨ ਸੈ ਨਾਗਾ ਪਿੜ ਰਹਿਆ, ਹੋ ਗਏ ਚੌੜ ਚੁਪੱਟ
ਮਿਰਜ਼ੇ ਸਾਹਿਬਾਂ ਦੀ ਦੋਸਤੀ, ਰਹਿਸੀ ਵਿੱਚ ਜਗੱਤ। 10

2. (ੳ) 'ਜ਼ੀਨਤ ਆਪਾ' ਕਹਾਣੀ ਦਾ ਵਿਸ਼ਾ-ਵਸਤੂ ਸਪੱਸ਼ਟ ਕਰੋ।

**ਜਾਂ**

'ਕਬਰਾਂ ਤੋਂ ਸਿਵਿਆਂ ਨੂੰ' ਕਹਾਣੀ ਦੇ ਪਾਤਰਾਂ ਨਾਲ ਜਾਣ-ਪਹਿਚਾਣ ਕਰਾਓ। 10

(ਅ) ਕਿਸੇ **ਇੱਕ** ਕਹਾਣੀ ਦੀ ਸਾਹਿਤਕ ਦ੍ਰਿਸ਼ਟੀਕੋਣ ਤੋਂ ਆਲੋਚਨਾ ਕਰੋ :

(ੳ) ਸ਼ੇਰਨੀਆਂ

**ਜਾਂ**

(ਅ) ਬਰਫ ਦਾ ਦਾਨਵ 10

3. ਹੇਠ ਲਿਖੇ ਪ੍ਰਸ਼ਨਾਂ ਵਿੱਚੋਂ ਕਿਸੇ **ਪੰਜ** ਦੇ ਸੰਖੇਪ ਉੱਤਰ ਦਿਓ :

(i) 'ਚਰਖਾ ਮੇਰਾ ਰੰਗੁਲੜਾ' ਕਾਫ਼ੀ ਵਿੱਚ ਚਰਖਾ, ਵੱਛਾ ਤੇ ਪੱਛੀ ਕਿਸ-ਕਿਸ ਦੇ ਚਿੰਨ੍ਹ ਹਨ ?

(ii) ਰਾਂਝਾ ਰਾਂਝਾ ਕਰਦੀ ਹੀਰ ਦੀ ਅਵਸਥਾ ਕਿਸ ਤਰ੍ਹਾਂ ਦੀ ਹੋ ਗਈ ?

(iii) ਚੇ 'ਚੜ੍ਹ ਚੰਨਾ ਤੂੰ ਕਰ ਰੁਸ਼ਨਾਈ' ਕਾਵਿ-ਅੰਸ਼ ਵਿੱਚ ਬਾਹੂ ਨੇ ਕੀ ਕਿਹਾ ਹੈ ?

(iv) ਸਾਹਿਬਾਂ ਨੇ ਮਿਰਜ਼ੇ ਨੂੰ ਸੌਣ ਤੋਂ ਵਰਜਦਿਆਂ ਕੀ ਕਿਹਾ ?

(v) ਜ਼ੀਨਤ ਦਾ ਪਤੀ ਕਿਹੋ ਜਿਹਾ ਸੀ ?

(vi) ਨੌਕਰੀਆਂ ਕਰਨ ਵਾਲੀਆਂ ਕੁੜੀਆਂ ਬਾਰੇ ਲੋਕ ਕੀ ਸੋਚਦੇ ਹਨ ?

(vii) ਅੰਬੋ ਦੀ ਮੌਤ ਬਾਰੇ ਭਾਈਚਾਰੇ ਦਾ ਪ੍ਰਤੀਕਰਮ ਕਿਹੋ ਜਿਹਾ ਸੀ ?

(viii) ਗੋਈ ਕੀ ਹੁੰਦੀ ਹੈ ? ਬਲਵਿੰਦਰ ਇਸਨੂੰ ਕੀ ਕਹਿੰਦੀ ਸੀ ?

$2 \times 5 = 10$

4. ਹੇਠ ਲਿਖਿਆਂ ਵਿੱਚੋਂ ਕਿਸੇ **ਚਾਰ** ਪ੍ਰਸ਼ਨਾਂ ਦੇ ਉੱਤਰ ਦਿਓ :

(i) ਗੁਰੂ ਨਾਨਕ ਕਾਲ ਦੇ ਸੂਫ਼ੀ ਕਵੀਆਂ ਦੇ ਨਾਂ ਦੱਸੋ।

(ii) ਸੇਖ਼ ਫਰੀਦ ਜੀ ਦੀ ਕਿੰਨੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ ?

(iii) ਹਾਸ਼ਮ ਦਾ ਜਨਮ ਤੇ ਮੌਤ ਕਦੋਂ ਹੋਈ ?

(iv) ਬੁੱਲੇ ਸ਼ਾਹ ਦੀਆਂ ਕਾਫ਼ੀਆਂ ਦੇ ਵਿਸ਼ੇ ਕਿਹੋ ਜਿਹੇ ਹਨ ?

(v) ਗੁਰੂ ਨਾਨਕ ਕਾਲ ਦੇ ਕਿੱਸਾਕਾਰਾਂ ਦੇ ਨਾਂ ਲਿਖੋ।

(vi) ਭਗਵਾਨ ਸਿੰਘ ਨੇ ਸਭ ਤੋਂ ਪਹਿਲਾਂ ਕਿਹੜਾ ਮੌਲਿਕ ਕਿੱਸਾ ਲਿਖਿਆ ?

$5 \times 4 = 20$

5. (ੳ) ਸਾਹਿਤ ਤੇ ਵਿਗਿਆਨ ਦੇ ਆਪਸੀ ਸੰਬੰਧਾਂ 'ਤੇ ਵਿਚਾਰ ਚਰਚਾ ਕਰੋ।

**ਜਾਂ**

(ਅ) ਸਾਹਿਤ ਤੇ ਸ਼ਖ਼ਸੀਅਤ ਦੇ ਆਪਸੀ ਸੰਬੰਧਾਂ 'ਤੇ ਨੋਟ ਲਿਖੋ। 10

6. (ੳ) ਪੰਜਾਬੀ ਦੀਆਂ ਉਪ-ਭਾਸ਼ਾਵਾਂ ਦਾ ਸੰਖੇਪ ਵਰਨਣ ਕਰੋ ਤੇ ਇਹਨਾਂ ਦੇ ਪਛਾਣ-ਚਿੰਨ੍ਹ ਦੱਸੋ।

**ਜਾਂ**

(ਅ) ਭਾਸ਼ਾ ਦਾ ਟਕਸਾਲੀ ਰੂਪ ਕੀ ਹੁੰਦਾ ਹੈ ? ਪੰਜਾਬੀ ਭਾਸ਼ਾ ਦਾ ਟਕਸਾਲੀ ਰੂਪ ਕਿਹੜਾ ਹੈ ? 10